# LOKTANTAR BANAM JISDI LATHI USDI GAN' NATAK: BHIRASHT SIASI PRABANDH TE MANUKHI DUKHANT DA BIRTANT

# 'ਲੋਕਤੰਤਰ ਬਨਾਮ ਜਿਸਦੀ ਲਾਠੀ ਉਸਦੀ ਗਾਂ' ਨਾਟਕ : ਭ੍ਰਿਸ਼ਟ ਸਿਆਸੀ ਪ੍ਰਬੰਧ ਤੇ ਮਨੁੱਖੀ ਦੁਖਾਂਤ ਦਾ ਬਿਰਤਾਂਤ

ਡਾ. ਸੋਨੀਆ ਦੇਵੀ (Dr. Sonia Devi)
ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ
ਦਸਮੇਸ਼ ਗ਼ਰਲਜ਼ ਕਾਲਜ, ਚੱਕ ਅੱਲ੍ਹਾ ਬਖਸ਼, ਮੁਕੇਰੀਆਂ (ਪੰਜਾਬ)
Email ID: Soniad721@gmail.com ਮੋਬਾਈਲ: +91-94177-83247

**ਸਾਰ (Abstract)**

'ਲੋਕਤੰਤਰ ਬਨਾਮ ਜਿਸਦੀ ਲਾਠੀ ਉਸਦੀ ਗਾਂ' ਸਵਾਮੀ ਸਰਬਜੀਤ ਦਾ ਲਿਖਿਆ ਰਾਜਸੀ ਵਿਅੰਗ ਨਾਲ ਲਬਰੇਜ ਸਮਾਜਕ ਮਹੱਤਵ ਵਾਲਾ ਅਰਥਪੂਰਨ ਨੁੱਕੜ ਨਾਟਕ ਹੈ। ਨਾਟਕ ਵਿੱਚ ਸਿਆਸੀ ਪ੍ਰਬੰਧ ਦੀ ਮਾਰ ਹੇਠ ਆਏ ਸਾਧਾਰਨ ਮਨੁੱਖਾਂ ਦੀ ਕਹਾਣੀ ਨੂੰ ਖ਼ੂਬਸੂਰਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸਵਾਮੀ ਸਰਬਜੀਤ ਸਿਆਸੀ, ਸੱਭਿਆਚਾਰਕ, ਸਮਾਜਕ ਅਤੇ ਇਤਿਹਾਸਕ ਸਰੋਕਾਰਾਂ ਦੀ ਚੇਤਨਾ ਰੱਖਣ ਵਾਲਾ ਨਾਟਕਕਾਰ ਤੇ ਰੰਗਕਰਮੀ ਹੈ। ਉਸਨੂੰ ਸੋਝੀ ਹੈ ਕਿ ਮੁਲਕ ਦਾ ਸਾਧਾਰਨ ਮਨੁੱਖ ਕਿਨ੍ਹਾਂ ਸਥਿਤੀਆਂ 'ਚੋਂ ਲੰਘ ਰਿਹਾ ਹੈ ਅਤੇ ਸੰਕਟਮਈ ਸਥਿਤੀਆਂ ਨੂੰ ਪਾਰ ਕਰਨ ਲਈ ਉਹ ਹੀਲਾ ਕਰਕੇ ਰਾਹ ਲੱਭਣ ਦਾ ਇੱਛੁਕ ਹੈ। ਪਰ ਸਿਆਸੀ ਪ੍ਰਬੰਧ ਵਿੱਚ ਆਈ ਗਿਰਾਵਟ ਉਸਦੀ ਰਾਹ ਲੱਭਣ ਦੀ ਬਿਰਤੀ ਨੂੰ ਮਾਰਨਾ ਚਾਹੁੰਦੀ ਹੈ। ਨਾਟਕਕਾਰ ਆਮ ਲੋਕਾਂ ਨੂੰ ਪ੍ਰਬੰਧ ਦੇ ਮਾਰੂ ਤੇ ਭ੍ਰਿਸ਼ਟ ਵਤੀਰੇ ਤੋਂ ਆਗਾਹ ਕਰਕੇ ਇਸਦੇ ਵਿਰੋਧ ਵਿੱਚ ਸਾਂਝਾ ਸੰਘਰਸ਼ ਕਰਨ ਦੀ ਪ੍ਰੇਰਨਾ ਦਿੰਦਾ ਹੈ। ਹਥਲੇ ਖੋਜ ਪੱਤਰ ਵਿੱਚ ਭਾਰਤੀ ਸਮਾਜ ਵਿੱਚ ਵਿਚਰਦੇ ਸਾਧਾਰਨ ਮਨੁੱਖ ਦੇ ਜੀਵਨ, ਰਾਜਸੀ ਪ੍ਰਬੰਧ ਦੇ ਚਰਿੱਤਰ, ਪੁਲਿਸ ਪ੍ਰਬੰਧਾਂ ਦੀ ਕਾਰਜਗੁਜ਼ਾਰੀ ਤੇ ਸਿਆਸੀ ਪ੍ਰਬੰਧ ਦੇ ਭ੍ਰਿਸ਼ਟ ਵਤੀਰੇ ਕਰਕੇ ਦੁਖਾਂਤ ਭੋਗਦੇ ਸਾਧਾਰਨ ਬੰਦੇ ਪ੍ਰਤੀ ਨਾਟਕਕਾਰ ਦੀ ਦ੍ਰਿਸ਼ਟੀ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ।

***ਕੀਵਰਡ (Keyword): ਨਾਟਕ, ਸਵਾਮੀ ਸਰਬਜੀਤ, 'ਲੋਕਤੰਤਰ ਬਨਾਮ ਜਿਸਦੀ ਲਾਠੀ ਉਸਦੀ ਗਾਂ', ਸਿਆਸੀ ਭ੍ਰਿਸ਼ਟਾਚਾਰ, ਮਨੁੱਖੀ ਤ੍ਰਾਸਦੀ, ਵਿਅੰਗਮਈ ਸ਼ੈਲੀ।***

ਸਵਾਮੀ ਸਰਬਜੀਤ ਸਿਆਸੀ, ਸੱਭਿਆਚਾਰਕ, ਸਮਾਜਕ ਅਤੇ ਇਤਿਹਾਸਕ ਸਰੋਕਾਰਾਂ ਦੀ ਚੇਤਨਾ ਰੱਖਣ ਵਾਲਾ ਨਾਟਕਕਾਰ ਤੇ ਰੰਗਕਰਮੀ ਹੈ। ਉਸਨੂੰ ਸੋਝੀ ਹੈ ਕਿ ਮੁਲਕ ਦਾ ਸਾਧਾਰਨ ਮਨੁੱਖ ਕਿਨ੍ਹਾਂ ਸਥਿਤੀਆਂ 'ਚੋਂ ਲੰਘ ਰਿਹਾ ਹੈ ਅਤੇ ਸੰਕਟਮਈ ਸਥਿਤੀਆਂ ਨੂੰ ਪਾਰ ਕਰਨ ਲਈ ਉਹ ਹੀਲਾ ਕਰਕੇ ਰਾਹ ਲੱਭਣ ਦਾ ਇੱਛੁਕ ਹੈ। ਪਰ ਸਿਆਸੀ ਪ੍ਰਬੰਧ ਵਿੱਚ ਆਈ ਗਿਰਾਵਟ ਉਸਦੀ ਰਾਹ ਲੱਭਣ ਦੀ ਬਿਰਤੀ ਨੂੰ ਮਾਰਨਾ ਚਾਹੁੰਦੀ ਹੈ। ਨਾਟਕਕਾਰ ਆਮ ਲੋਕਾਂ ਨੂੰ ਪ੍ਰਬੰਧ ਦੇ ਮਾਰੂ ਤੇ ਭ੍ਰਿਸ਼ਟ ਵਤੀਰੇ ਤੋਂ ਆਗਾਹ ਕਰਕੇ ਇਸਦੇ ਵਿਰੋਧ ਵਿੱਚ ਸਾਂਝਾ ਸੰਘਰਸ਼ ਕਰਨ ਦੀ ਪ੍ਰੇਰਨਾ ਦਿੰਦਾ ਹੈ। 'ਲੋਕਤੰਤਰ ਬਨਾਮ ਜਿਸਦੀ ਲਾਠੀ ਉਸਦੀ ਗਾਂ' ਸਵਾਮੀ ਸਰਬਜੀਤ ਦਾ ਲਿਖਿਆ ਰਾਜਸੀ ਵਿਅੰਗ ਨਾਲ ਲਬਰੇਜ ਸਮਾਜਕ ਮਹੱਤਵ ਵਾਲਾ ਅਰਥਪੂਰਨ ਨੁੱਕੜ ਨਾਟਕ ਹੈ। ਨਾਟਕ ਵਿੱਚ ਸਿਆਸੀ ਪ੍ਰਬੰਧ ਦੀ ਮਾਰ ਹੇਠ ਆਏ ਸਾਧਾਰਨ ਮਨੁੱਖਾਂ ਦੀ ਕਹਾਣੀ ਨੂੰ ਖ਼ੂਬਸੂਰਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸਵਾਮੀ ਸਰਬਜੀਤ ਦੁਆਰਾ ਲਿਖੇ ਇਸ ਨਾਟਕ ਦਾ ਸਿਰਲੇਖ ਅਸਲ ਕਹਾਵਤ ਨੂੰ ਉਲਟਾ ਕੇ ਰੱਖਿਆ ਗਿਆ ਹੈ। ਇਸ ਵਿੱਚ ਰਾਜਸੀ ਵਿਅੰਗ ਵੇਖਿਆ ਜਾ ਸਕਦਾ ਹੈ। ਇਹ ਸਿਰਲੇਖ ਭਾਰਤੀ ਲੋਕਤੰਤਰ ਵਿੱਚ ਸਾਧਾਰਨ ਬੰਦੇ ਦੇ ਮਨੁੱਖੀ ਅਧਿਕਾਰਾਂ ਦੇ ਹਨਨ ਨੂੰ ਉਘਾੜਦਾ ਪ੍ਰਤੀਤ ਹੁੰਦਾ। ਨਾਟਕ ਦਾ ਪਾਤਰ ਗਰੀਬ ਦਾਸ ਆਪਣੀ ਗੁੰਮ ਹੋਈ ਗਾਂ ਦੀ ਰਿਪੋਰਟ ਲਿਖਵਾਉਣ ਥਾਣੇ ਪਹੁੰਚਦਾ ਹੈ। ਸਿਪਾਹੀ ਬਿੱਕਰ ਸਿੰਘ, ਮੁਨਸ਼ੀ ਅਤੇ ਹੌਲਦਾਰ ਨਛੱਤਰ ਸਿੰਘ ਲਈ ਉਹ ਸਿਰਫ਼ ਬੋਹਣੀ ਕਰਵਾਉਣ ਵਾਲਾ ਮੁਰਗਾ ਹੈ। ਉਹ ਐਂਟਰੀ ਫੀਸ, ਤਰੁੱਟੀ ਫੀਸ ਤੇ ਲੇਟ ਫੀਸ ਦੇ ਨਾਂ 'ਤੇ ਉਸ ਕੋਲੋਂ ਪੈਸੇ ਵਸੂਲਦੇ ਹਨ। ਗਰੀਬ ਦਾਸ ਅੱਕ ਕੇ ਆਖਦਾ ਹੈ,

> *"ਗਰੀਬ : ਕਮਾਲ ਐ ਯਾਰ, ਇਹ ਠਾਣੈ ਕਿ ਯੂਨੀਵਰਸਿਟੀ ਐ, ਕਦੇ ਤਰੁੱਟੀ ਫੀਸ... ਕਦੇ ਲੇਟ ਫੀਸ।"* [1]

ਪੁਲਿਸ ਕਰਮਚਾਰੀ ਉਸਦੀ ਹਰ ਗੱਲ ਕੱਟਦੇ ਹਨ। ਹੌਲਦਾਰ ਨੂੰ ਗਰੀਬ

ਦਾਸ ਦੀ ਤੱਕਣੀ "ਸੀਰੀਅਲ ਕਿੱਲਰਾਂ" ਵਰਗੀ ਲੱਗਦੀ ਹੈ ਉਸਨੂੰ ਗਰੀਬ ਦਾਸ ਕੋਈ ਭੁੱਕੀ ਵੇਚਣ ਵਾਲਾ ਜਾਪਦਾ ਹੈ ਗਰੀਬ ਦਾਸ ਆਖਦਾ ਹੈ ਕਿ ਉਸਨੇ ਤਾਂ ਭੁੱਕੀ ਦੇਖੀ ਤੱਕ ਵੀ ਨਹੀਂ ਕਿ ਕਿਹੋ ਜਿਹੀ ਹੁੰਦੀ ਹੈ। ਸਿਪਾਹੀ ਉਸਨੂੰ ਭੁੱਕੀ ਦਿਖਾਉਂਦਾ ਹੈ ਤੇ ਆਖਦਾ ਹੈ:

*ਸਿਪਾਹੀ : ਲੈ ਕਰ ਲੈ ਦਰਸਨ। ਨਾਲੇ ਗੱਲ ਸੁਣ ਆਹ ਜਦ ਤੱਕ ਤੇਰੀ ਗਾਂ ਨ੍ਹੀ ਨਾ ਲੱਭਦੀ ਤਦ ਤੱਕ ਆਹ ਭੁੱਕੀ ਆਲ਼ਾ ਬਿਜਨਸ ਤੋਰ ਲੈ। ਅੱਧ ਤੇਰਾ, ਅੱਧ ਸਾਡਾ... ਹਾਂ ਦੱਸ ਫੇਰ ਬਣਦੀ ਐ ਸਲਾਹ...?*[2]

ਸ਼ਾਡੇ ਸਮਾਜਕ-ਰਾਜਸੀ ਪ੍ਰਬੰਧ ਵਿੱਚ ਇਸ ਤੋਂ ਵੱਡੀ ਗਿਰਾਵਟ ਹੋਰ ਕੀ ਹੋ ਸਕਦੀ ਹੈ? ਡਾ. ਰਜਿੰਦਰਪਾਲ ਬਰਾੜ ਲਿਖਦੇ ਹਨ,

*"ਨੁੱਕੜ ਨਾਟਕ ਸਮਾਜਕ-ਰਾਜਸੀ ਮਹੱਤਵ ਦੀਆਂ ਸਮੱਸਿਆਵਾਂ ਨੂੰ ਪਰਚਾਰਾਤਮਕ ਦਰਿਸ਼ਟੀਕੋਣ ਤੋਂ ਕਲਾਤਮਕ ਢੰਗ ਨਾਲ ਪੇਸ਼ ਕਰਨ ਲਈ ਹੋਂਦ ਵਿਚ ਆਉਂਦਾ ਹੈ।"*[3]

ਲੋਕਾਂ ਨੂੰ ਵੋਟ ਦੇਣ ਦਾ ਅਧਿਕਾਰ ਹੈ ਪਰ ਚੁਣੇ ਨੁਮਾਇੰਦਿਆਂ ਨੂੰ ਸਵਾਲ ਕਰਨ ਦਾ ਅਧਿਕਾਰ ਨਹੀਂ। ਜਦੋਂ ਸਵਾਲ ਖਾਰਜ ਹੋ ਜਾਣ ਦਾ ਲੋਕਤੰਤਰ ਅਰਥ ਗੁਆਉਣ ਲੱਗਦਾ ਹੈ। ਸਾਹਿਤਕਾਰ ਅਜਿਹੇ ਸਮੇਂ ਕਲਾ ਦੀ ਲੋਅ ਜਗਾਉਂਦਾ ਹੈ, ਸਵਾਲ ਉਠਾਉਂਦਾ ਹੈ ਹਾਕਮ ਧਿਰ ਨੂੰ ਸਵਾਲਾਂ ਦੇ ਰੂ-ਬ-ਰੂ ਕਰਦਾ ਹੈ। ਸਵਾਮੀ ਸਰਬਜੀਤ ਅਜਿਹੇ 'ਚ ਸਮਾਜ ਦੇ ਅਸਲ ਰਾਜਸੀ ਮੁੱਦੇ ਨੂੰ ਅਗ੍ਰਭੂਮਿਤ ਕਰਦਾ ਹੈ। ਉਹ ਕਲਾ ਨੂੰ ਅਜਿਹੇ ਹਥਿਆਰ ਵਾਂਗ ਵਰਤਦਾ ਹੈ ਜੋ ਸਿੱਧਾ ਹਾਕਮਾਂ ਦੇ ਜਿਹਨ 'ਚ ਪੁੜ੍ਹਦਾ ਹੈ। ਸਤੀਸ਼ ਕੁਮਾਰ ਵਰਮਾ ਨੁਕੜ ਨਾਟ ਵਿਧਾ ਦੀ ਵਿਸ਼ੇਸ਼ਤਾ ਪ੍ਰਗਟਾਉਂਦੇ ਲਿਖਦੇ ਹਨ,

*"ਨੁੱਕੜ ਨਾਟਕ ਹਮੇਸ਼ਾ ਆਪਣਾ ਨਾਟ-ਵਸਤੂ ਕਿਸੇ ਜਵੰਲਤ ਸਮਾਜਿਕ ਸਥਿਤੀ ਵਿਸ਼ੇਸ਼ ਕਰ ਕਿਸੇ ਤਤਕਾਲੀਨ ਰਾਜਸੀ ਘਟਨਾ ਵਿਚੋਂ ਚੁਣਦਾ ਹੈ।"*[4]

ਭ੍ਰਿਸ਼ਟ ਸਮਾਜਕ-ਰਾਜਸੀ ਪ੍ਰਬੰਧ ਮੌਜੂਦਾ ਦੌਰ ਦੀ ਪ੍ਰਮੁੱਖ ਸਮੱਸਿਆ ਹੈ। ਸਵਾਮੀ ਸਰਬਜੀਤ ਦੀ ਕਲਾ ਦੀ ਵਿਸ਼ੇਸ਼ਤਾ ਇਹ ਹੈ ਕਿ ਉਸਨੇ ਰਾਜਸੀ ਵਿਅੰਗ ਦੀ ਵਿਧੀ ਰਾਹੀਂ ਇਸ ਗਿਰਾਵਟ ਦੀ ਨਿਸ਼ਾਨਦੇਹੀ ਕਰ ਇਸਨੂੰ ਨਸ਼ਰ ਕਰਨ ਦਾ ਉਪਰਾਲਾ ਕੀਤਾ ਹੈ। ਸਾਧਾਰਨ ਬੰਦਾ ਇਨਸਾਫ ਦੀ ਉਮੀਦ ਕਰ ਹੀ ਨਹੀਂ ਸਕਦਾ। ਗਰੀਬ ਦਾਸ ਦੀ ਜੇਬ ਝਾੜਨ ਪਿੱਛੋਂ ਹੌਲਦਾਰ ਇਕ ਹੋਰ ਠੱਗੀ ਮਾਰਦਾ ਹੈ ਤੇ ਆਖਦਾ ਹੈ :

*ਹੌਲਦਾਰ : ਓਏ ਦੇਖ ਤੇਰੀ ਗਾਂ ਲੱਭਣ ਵਾਸਤੇ ਆਹ ਸਾਡਾ ਬਿੱਕਰ ਸਿਓਂ ਜਾਊ ਮੋਟਰਸੈਕਲ 'ਤੇ, ਹੁਣ ਉਹ ਪਾਣੀ ਨਾਲ਼ ਤਾਂ ਚੱਲਣਾ ਨ੍ਹੀਂ। ਹੁਣ ਮੋਟਰਸੈਕਲ ਤਾਂ ਖਾਊ-ਪੀਊ, ਮੋਟਰਸੈਕਲ 'ਤੇ ਬੈਠਣ ਆਲ਼ਾ ਕੀ ਭੁੱਖਾ ਰਹੂ!! (ਗਰੀਬ ਦੀ ਸਹਿਮਤੀ ਲੈ ਕੇ) ਉਹ ਵੀ ਕੁਝ ਖਾਊ-ਪੀਊ ਕਿ ਨਹੀਂ...।*[5]

ਗਰੀਬ ਦਾਸ ਨੂੰ ਹੋਰ ਪੈਸੇ ਦੇ ਕੇ ਵੀ ਸ਼ੱਕ ਰਹਿੰਦਾ ਹੈ ਕਿ ਉਸਦੀ ਗਾਂ ਮਿਲੇਗੀ ਜਾਂ ਨਹੀਂ। ਪੁੱਛਣ ਤੇ ਸਿਪਾਹੀ ਵੱਲੋਂ ਜਵਾਬ ਮਿਲਦਾ ਹੈ ਕਿ ਉਨ੍ਹਾਂ ਤਾਂ ਅਬੂ ਸਲੇਮ ਨ੍ਹੀ ਛੱਡਿਆ ਗਾਂ ਕੀ ਚੀਜ਼ ਹੈ। ਤੇ ਜੇ ਗਾਂ ਨਾ ਮਿਲੀ ਤਾਂ ਕੇਸ ਸੀ. ਬੀ. ਆਈ. ਨੂੰ ਸੌਂਪ ਦਿਆਂਗੇ। ਸਾਡੀਆਂ ਸੰਸਥਾਵਾਂ ਵਿੱਚ ਆਈ ਗਿਰਾਵਟ ਨੂੰ ਨਾਟਕਕਾਰ ਨੇ ਬਾਖੂਬੀ ਉਭਾਰਿਆ ਹੈ। ਨਾਟਕਕਾਰ ਨੇ ਇਸ ਗੰਭੀਰ ਸਮੱਸਿਆ ਦੀ ਪੇਸ਼ਕਾਰੀ ਲਈ ਵਿਅੰਗ ਨੂੰ ਹਥਿਆਰ ਵਾਂਗ ਵਰਤਿਆ ਹੈ। ਉਸਨੇ ਪੁਲਿਸ ਕਰਮਚਾਰੀਆਂ ਦੇ ਕਿਰਦਾਰ ਨੂੰ ਵੀ ਬਾਖੂਬੀ ਉਘਾੜਿਆ ਹੈ। ਗਾਂ ਲੱਭਣ ਗਏ ਸਿਪਾਹੀ ਦਾ ਹਾਲ ਦੇਖੋ, ਹੌਲਦਾਰ ਦੇ ਪੁੱਛਣ ਤੇ ਉਹ ਆਖਦਾ ਹੈ :

*ਸਿਪਾਹੀ : ਓ ਜੀ ਦਰਅਸਲ ਗੱਲ ਇਹ ਹੋਈ ਮੈਂ ਗਿਆ ਸੀ ਗਰੀਬ ਦੀ ਗਾਂ ਲੱਭਣ। ਰਾਹ 'ਚ ਆ ਗਿਆ ਜੀ ਠੇਕਾ। ਠੇਕੇ ਦੇ ਮੂਹਰੋਂ ਲੰਘਿਆ ਤਾਂ ਮੇਰੇ ਅੰਦਰਲੇ ਦਾਰੂ ਪੀਣ ਆਲ਼ੇ ਕੀਟਾਣੂ, ਜੀਵਾਣੂ, ਵਿਸ਼ਾਣੂ ਬਹਿਗੇ ਧਰਨਾ ਲਾ ਕੇ, ਲੱਗ ਪੇ ਨਾਹਰੇ ਲਾਉਣ... ਅਖੇ ਬਿੱਕਰ ਸਿੰਘ ਮੁਰਦਾਬਾਦ, ਸਾਡਾ ਏਕਾ ਜਿੰਦਾਬਾਦ... ਹੁਣੇ ਸਾਨੂੰ ਦਾਰੂ ਪਲਾਓ, ਨਹੀਂ ਤਾਂ ਡੱਠੇ ਖੂਹ 'ਚ ਜਾਓ। ਪਰ ਜਨਾਬ ਮੈਂ ਕੰਟਰੋਲ ਕੀਤਾ।*[6]

ਹੌਲਦਾਰ ਨੂੰ ਮਨਜੂਰ ਨਹੀਂ ਕਿ ਸਿਪਾਹੀ ਇਕੱਲਾ ਸ਼ਰਾਬ ਪੀਵੇ, ਉਹ ਵੀ ਉਸਨੂੰ ਸੁਲਾਹ ਮਾਰੇ ਬਿਨ੍ਹਾਂ। ਗਰੀਬ ਦਾਸ ਦੀ ਸਮੱਸਿਆ ਨਾਲ ਇਨ੍ਹਾਂ ਨੂੰ ਕੋਈ ਮਤਲਵ ਨਹੀਂ। ਗਰੀਬ ਦਾ ਤੇ ਸਾਰਾ ਘਰ ਉਸ ਗਾਂ ਦੇ ਸਿਰ ਤੇ ਸੀ। ਨਾਟਕਕਾਰ ਨੇ ਵਿਅੰਗ ਰਾਹੀਂ ਇਸ ਸਵਾਲ ਤੇ ਵੀ ਜ਼ੋਰ ਦਿੱਤਾ ਹੈ ਕਿ ਕਿਵੇਂ ਅਵਾਰਾ ਗਾਵਾਂ ਬਾਜ਼ਾਰਾਂ ਵਿੱਚ ਆਮ ਤੁਰੀਆਂ ਫਿਰਦੀਆਂ ਨੇ। ਸਿਪਾਹੀ ਤੇ ਹੌਲਦਾਰ ਦਾ ਕਿਰਦਾਰ ਇਹ ਹੈ ਕਿ ਉਹ ਆਮ ਬੰਦੇ ਨੂੰ ਕੁੱਟਣ ਵਿੱਚੋਂ ਸਵਾਦ ਲੱਭਦੇ ਹਨ। ਜਦੋਂ ਇੱਕ ਅਵਾਰਾ ਗਾਂ ਨੂੰ ਲਿਆ ਕੇ ਗਰੀਬ ਦਾਸ ਦੀ ਗਾਂ ਲੱਭਣ ਦੀ ਖੇਡ ਖੇਡੀ ਜਾਂਦੀ ਹੈ ਤਾਂ ਉਹ ਸਾਫ਼ ਇਨਕਾਰ ਕਰ ਦਿੰਦਾ ਹੈ ਕਿ ਇਹ ਉਸਦੀ ਗਾਂ ਨਹੀਂ ਹੈ :

*ਗਰੀਬ : ਨਾ ਨਾ ਜੀ, ਐਂ ਨਾ ਕਹੋ..... ਮੇਰੀ ਗਾਂ ਤਾਂ ਬੇਸ਼ੱਕ ਖੜ੍ਹੇ ਦੇਖੀ*

*ਜਾਓ, ਮੱਖੀ ਨ੍ਹੀ ਠਹਿਰਦੀ ਸੀ ਉਹਦੇ ਪਿੰਡੇ 'ਤੇ*[7]

ਹੌਲਦਾਰ ਤੇ ਸਿਪਾਹੀ ਨੂੰ ਇਹ ਮਨਜ਼ੂਰ ਨਹੀਂ ਕਿ ਗਰੀਬ ਦਾਸ ਆਪਣਾ ਤਰਕ ਦੇਵੇ। ਗੁੱਸੇ 'ਚ ਆਇਆ ਹੌਲਦਾਰ ਸਿਪਾਹੀ ਨੂੰ ਹੁਕਮ ਕਰਦਾ ਹੈ :

*ਹੌਲਦਾਰ : ਇਹਨੂੰ ਫੜ ਕੇ ਵਾਈਂ ਓਏ ਬਿੱਕਰ ਸਿਆਂ ਅਖੇ ਖੜ੍ਹੇ ਦੇਖੀ ਜਾਓ, ਨਾ ਸਾਲਿਆ ਤੇਰੀ ਗਾਂ ਏ ਕਿ ਮਿਸ ਇੰਡੀਆ.... ਬਈ ਖੜ੍ਹੇ ਦੇਖੀ ਜਾਓ, ਨਾ ਅਸੀਂ ਵਿਹਲੇ ਆਂ।*[8]

ਗਰੀਬ ਦਾਸ ਦਾ ਗੁਆਂਢੀ ਤਾਰਾਚੰਦ ਥਾਣੇ 'ਚ ਖੜ੍ਹੇ ਗਰੀਬ ਦਾਸ ਨੂੰ ਉਸਦੀ ਗਾਂ ਲੱਭ ਜਾਣ ਦੀ ਸੂਚਨਾ ਦਿੰਦਾ ਹੈ ਜਿਹੜੀ ਵੱਢਖਾਣਿਆਂ ਦੇ ਜੀਤੇ ਨੇ ਗਰੀਬ ਦਾਸ ਵੱਲੋਂ ਪੂਰੇ ਪੈਸੇ ਨਾ ਅਦਾ ਕਰਨ ਕਰਕੇ ਆਪਣੇ ਘਰ ਬੰਨ੍ਹ ਲਈ ਸੀ। ਸਿਪਾਹੀ ਤੇ ਹੌਲਦਾਰ ਤਾਰਾਚੰਦ ਦੀ ਪੂਰੀ ਗੱਲ ਸੁਣੇ ਬਿਨ੍ਹਾਂ ਉਸ ਨੂੰ ਦੋਸ਼ੀ ਮੰਨ ਕੇ ਖੂਬ ਕੁੱਟਦੇ ਹਨ ਤੇ ਸਵਾਦ ਅਨੁਭਵ ਕਰਦੇ ਹਨ। ਜੀਤਾ ਥਾਣੇ ਪਹੁੰਚਦਾ ਹੈ, ਸਿਪਾਹੀ ਦੇ ਪੁੱਛਣ ਤੇ ਆਪਣਾ ਨਾਂ ਜੀਤਾ ਦਸ ਨੰਬਰੀ ਦਸਦਾ ਹੈ। ਸਿਪਾਹੀ ਉਸਨੂੰ ਦਸ ਨੰਬਰੀ ਪਲੇਟ ਲਾਉਣ ਦਾ ਕਾਰਨ ਪੁੱਛਦਾ ਹੈ ਉਹ ਜਵਾਬ ਦਿੰਦਾ ਹੈ :

*ਜੀਤਾ : ਯੂ ਨੋ ਕਿ ਦਸ ਨੰਬਰ ਨਾਲ਼ ਮੇਰਾ ਕਾਫ਼ੀ ਨੇੜੇ ਦਾ ਰਿਸ਼ਤੈ। ਅਸੀਂ ਦਸ ਭੈਣ-ਭਾਈ ਸੀ, ਪੰਜਵੀਂ ਜਮਾਤ 'ਚ ਮੇਰਾ ਰੋਲ ਨੰਬਰ ਵੀ ਦਸ ਸੀ, ਸਾਡਾ ਮਕਾਨ ਨੰਬਰ ਵੀ ਦਸ ਐ, ਜਦੋਂ ਮੈਨੂੰ ਕੁੱਤੇ ਨੇ ਵੱਢਿਆ ਸੀ ਡਾ. ਨੇ ਮੇਰੇ ਢੌਂਦਾਂ ਦੀ ਥਾਂ ਦਸ ਟੀਕੇ ਲਾਏ ਸੀ, ਜਿਹੜਾ ਸੈਂਡਲ ਪਹਿਲੀ ਵਾਰ ਮੇਰੇ ਮੂੰਹ ਤੇ ਵੱਜਿਆ ਸੀ ਉਹਦਾ ਨੰਬਰ ਵੀ ਦਸ ਸੀ... ਸੋ ਮੈਨੂੰ ਖੁਸ਼ੀ ਹੁੰਦੀ ਐ ਜੀਤਾ ਦਸ ਨੰਬਰੀਆਂ ਕਹਾਕੇ......*[9]

ਹੌਲਦਾਰ ਤੇ ਸਿਪਾਹੀ ਜਾਣਦੇ ਹਨ ਕਿ ਜੀਤਾ ਕੋਈ ਅਪਰਾਧੀ ਨਹੀਂ ਸਾਧਾਰਨ ਆਦਮੀ ਹੈ ਫਿਰ ਵੀ ਰੋਅਬ ਨਾਲ ਗੱਲ ਕਰਨ ਕਰਕੇ ਉਹ ਜੀਤੇ ਨੂੰ ਸਾਨ੍ਹ ਆਖਕੇ ਦੋਸ਼ੀ ਬਣਾਉਂਦੇ ਹਨ। ਜੀਤਾ ਹੌਲਦਾਰ ਨੂੰ ਜਵਾਬ ਦਿੰਦਾ ਹੈ:

*ਜੀਤਾ : (ਖੜ੍ਹਾ ਹੋ ਕੇ ਹੱਥ ਜੋੜਦਾ ਹੋਇਆ) ਸਾਨ੍ਹ ਕਾਹਨੂੰ ਜੀ, ਮੈਂ ਤਾਂ ਸੀਲ ਗਊ ਆਂ। ਸਾਨ੍ਹ ਤਾਂ ਤੁਸੀਂ ਓਂ, ਉਹ ਵੀ ਸਰਕਾਰੀ......*

*ਜੀਤਾ : (ਥੋੜੀ ਤਲਖੀ ਨਾਲ) ਓ ਜਨਾਬ, ਤੁਸੀਂ ਤਾਂ ਹਰੇਕ ਨੂੰ ਬੋਕ ਆਗੂੰ ਢਾਹ ਲੈਨੇ ਓਂ, ਸੰਵਿਧਾਨ ਤੋਂ ਕੁਛ ਤਾਂ ਡਰੋ......*

*ਹੌਲਦਾਰ : ਸ... ਸ... ਸ... ਸਵਿਧਾਨ (ਸਿਪਾਹੀ ਨੂੰ) ਆਹ ਕੌਣ ਐ ਬਈ ਸੰਵਿਧਾਨ...!!*[10]

ਨਾਟਕਕਾਰ ਨੇ ਸਾਧਾਰਨ ਮਨੁੱਖ ਦੇ ਹੱਕਾਂ ਦੀ ਹੁੰਦੀ ਲੁੱਟ ਵਰਗੇ ਗੰਭੀਰ ਮਸਲੇ ਨੂੰ ਵਿਅੰਗ ਦਾ ਰੰਗ ਚਾੜ੍ਹ ਕੇ ਪੇਸ਼ ਕੀਤਾ ਹੈ ਦੂਸਰਾ ਸਾਧਾਰਨ ਬੰਦਾ ਸੰਵਿਧਾਨਕ ਹੱਕਾਂ ਤੋਂ ਸੁਚੇਤ ਹੈ ਪਰ ਵਿਹਾਰਕ ਪੱਧਰ ਤੇ ਸਿਆਸੀ ਸੰਸਥਾਵਾਂ ਅੰਦਰੋਂ ਖਾਰਜ ਹੋਣ ਕੰਢੇ ਪੁੱਜੇ ਇਨ੍ਹਾਂ ਸੰਵਿਧਾਨਕ ਹੱਕਾਂ ਦੀ ਦਸ਼ਾ ਤੇ ਦੁੱਖ ਪ੍ਰਗਟਾਉਂਦਾ ਹੈ। ਸਿਪਾਹੀ ਤੇ ਹੌਲਦਾਰ ਦੋਨੋਂ ਤਾਰਾ ਚੰਦ, ਜੀਤੇ ਤੇ ਗਰੀਬ ਦਾਸ ਤਿੰਨਾਂ ਨੂੰ ਖੂਬ ਕੁੱਟਦੇ ਹਨ। ਜੀਤਾ ਗਰੀਬ ਦਾਸ ਵੱਲੋਂ ਪੂਰੇ ਪੈਸੇ ਨਾ ਦੇਣ ਦੀ ਘਟਨਾ ਦਾ ਜ਼ਿਕਰ ਕਰਦਾ ਹੈ। ਹੌਲਦਾਰ ਫਿਰ ਗੁੱਸਾ ਕਰਦਾ ਹੈ ਕਿ ਬਿਨ੍ਹਾਂ ਸਾਨੂੰ ਦੱਸੇ ਗਰੀਬ ਦਾਸ ਦੀ ਗਾਂ ਆਪਣੇ ਘਰ ਲਿਜਾ ਕੇ ਤੂੰ ਕਾਨੂੰਨ ਤੋੜਿਆ ਹੈ। ਹੁਣ ਤੈਨੂੰ ਤਨਖ਼ਾਹ ਲੱਗੇਗੀ ਜਾਂ ਤੂੰ ਸੌ ਮਿਰਚਾਂ ਖਾਲੈ ਜਾਂ ਦੋ ਸੌ ਰੁਪਿਆ ਦੇ ਦੇ। ਜੀਤਾ ਪੈਸੇ ਦੇਣੋਂ ਬਚਣਾ ਚਾਹੁੰਦਾ ਹੈ ਉਹ ਮਿਰਚਾਂ ਖਾਂਦਾ ਹੈ ਪਰ ਖਾਧੀਆਂ ਨ੍ਹੀ ਜਾਂਦੀਆਂ ਫਿਰ ਉਹ ਛਿੱਤਰ ਮਾਰਨ ਲਈ ਆਖਦਾ ਹੈ। ਜਦੋਂ ਮਾਰ ਵੀ ਨਹੀਂ ਸਹੀ ਜਾਂਦੀ ਤਾਂ ਪੈਸੇ ਦੇ ਕੇ ਖਹਿੜਾ ਛੁਡਾਉਂਦਾ ਹੈ। ਗਰੀਬ ਦਾਸ ਸਮਝ ਜਾਂਦਾ ਹੈ ਕਿ ਖੇਡ ਸਾਰੀ ਪੈਸੇ ਤੇ ਮੁੱਕਣੀ ਹੈ ਉਹ ਹੌਲਦਾਰ ਨੂੰ ਬੇਨਤੀ ਕਰਕੇ ਆਪਸ ਵਿੱਚ ਹੀ ਮਸਲੇ ਦਾ ਹੱਲ ਕੱਢ ਲੈਣ ਬਾਰੇ ਆਖਦਾ ਹੈ। ਹੌਲਦਾਰ ਫਿਰ ਰੋਅਬ ਝਾੜਦਾ ਹੈ। ਸਿਪਾਹੀ ਵੀ ਪੂਰਾ ਪੂਰਾ ਸਾਥ ਦਿੰਦਾ ਹੈ :

*ਹੌਲਦਾਰ : ਆਹੋ ਆਹੋ...... ਆਪਸ 'ਚ ਈ ਨਿਬੜ ਲੋ, ਅਸੀਂ ਤਾਂ ਵਿਹਲੇ ਆਂ, ਥੋਡੇ ਪਿਓ ਦੇ ਨੌਕਰ ਆਂ (ਗਰੀਬ ਦਾਸ ਦੇ ਥੱਪੜ ਮਾਰਦਾ ਹੋਇਆ) ...ਸਾਲ਼ਿਓ ਪਹਿਲਾ ਰਪਟਾਂ ਲਖਾਓਨੇ ਓਂ ਫੇਰ ਕਹਿੰਨੇ ਓਂ "ਆਪੇ ਨਿਬੜ ਲੈਨੇ ਆਂ..."*

*ਸਿਪਾਹੀ : ਕਿਉਂ ਇਹ ਮਿਲਣੀਆਂ ਨੇ ਬੀ ਆਪੇ ਨਿਬੜਲੋਂਗੇ (ਜੀਤੇ ਦੇ ਥੱਪੜ ਮਾਰਦਾ ਹੋਇਆ) ਵਿਚੋਲੇ ਬਿਨਾ ਸਾਕ ਨ੍ਹੀਂ ਹੁੰਦੇ ਮਿੱਤਰੋ...*[11]

ਹੁਣ ਹੌਲਦਾਰ ਤੇ ਸਿਪਾਹੀ ਗਾਂ ਆਪਣੇ ਕੋਲ ਹੀ ਰੱਖਣ ਦਾ ਫੈਸਲਾ ਕਰਦੇ ਹਨ। ਉਹ ਜੀਤੇ ਨੂੰ ਕਹਿੰਦੇ ਹਨ ਕਿ ਜਦੋਂ ਤੱਕ ਗਰੀਬ ਦਾਸ ਤੇਰੇ ਪੈਸੇ ਨਹੀਂ ਦਿੰਦਾ ਗਾਂ ਥਾਣੇ ਹੀ ਬੱਝੀ ਰਹੇਗੀ ਉਸਦੀ ਟਹਿਲਾ ਸੇਵਾ, ਨਾਈ-ਧੋਈ ਦਾ ਜੋ ਖਰਚਾ ਹੋਵੇਗਾ ਉਹ ਤੂੰ ਦੇਵੇਂਗਾ। ਜੀਤੇ ਦੇ ਇਹ ਪੁੱਛਣ ਤੇ ਕਿ ਮੈਨੂੰ ਵਿੱਚੋਂ ਕੀ ਮਿਲੇਗਾ? ਤਾਂ ਸਿਪਾਹੀ ਆਖਦਾ ਹੈ ਕਿ ਤੂੰ ਗਰੀਬ ਦਾਸ ਤੋਂ ਪੈਸੇ ਲੈ ਕੇ ਸਾਨੂੰ ਦੇ ਦਿਆ ਕਰੀਂ ਜਦੋਂ ਪੈਸੇ ਪੂਰੇ ਹੋ ਗਏ ਤਾਂ ਰੱਸਾ ਖੋਲ੍ਹੀਂ ਤੇ ਗਾਂ ਗਰੀਬ ਦਾਸ ਨੂੰ ਫੜਾ ਦੇਈਂ। ਜੀਤਾ ਤੇ ਗਰੀਬ ਦਾਸ ਦੋਹਰੀ ਲੁੱਟ ਦਾ ਸ਼ਿਕਾਰ ਹੋ ਰਹੇ ਹਨ। ਉਹ ਐੱਸ. ਐੱਸ. ਪੀ. ਕੋਲ ਪੇਸ਼ ਹੋਣ ਦਾ ਡਰਾਵਾ ਦਿੰਦੇ ਹਨ। ਅਜੇ ਦੋਵੇਂ ਜਣੇ

ਤੁਰਨ ਹੀ ਲੱਗਦੇ ਹਨ ਕਿ ਫ਼ੋਨ ਦੀ ਘੰਟੀ ਵੱਜਦੀ ਹੈ ਹੌਲਦਾਰ ਆਖਦਾ ਹੈ :

*ਹੌਲਦਾਰ : (ਫ਼ੋਨ 'ਤੇ) ਹਾਂਅ ਜੀ, ਠੀਕ ਐ ਜੀ, ਹਾਂ ਜੀ, ਦੱਸੋ ਜੀ, ਸੇਵਾ ਦੱਸੋ ਜਨਾਬ। ਹਾਂਅ, ਅੱਛਾ ਸਾਹਬ 'ਬਾਦਰ ਦੀ ਬਿਟੀਆ ਨੂੰ ਡਾਕਟਰਾਂ ਨੇ ਗਾਂ ਦਾ ਦੁੱਧ ਪੀਣ ਲਈ ਦੱਸਿਆ... ਹਾਂਅ ਜੀ, ਫੇਰ ਪ੍ਰਾਬਲਮ ਕਾਹਦੀ ਐ। ਹਾਂਅ ਜੀ, ਆਪਣੇ ਕੋਲ਼ ਇੱਕ ਵਲੈਤੀ ਗਾਂ ਹੈਗੀ ਐ, ਓ ਨਹੀਂ ਆਪਣੇ ਸ਼ਰਧਾਲੂ ਸੀ ਜੀ, ਚੜ੍ਹਾਵਾ ਚੜ੍ਹਾਕੇ ਗਏ ਨੇ। ਹਾਂਅ ਜੀ ਵਲੈਤੀ ਐ ਜੀ, ਮੱਖੀ ਨ੍ਹੀ ਠਹਿਰਦੀ ਪਿੰਡੇ 'ਤੇ, ਬਸ਼ੱਕ ਖੜ੍ਹੇ ਦੇਖੀ ਜਾਓ, ਨਹੀਂ ਜੀ ਅਜੇ ਤਾਂ ਪਹਿਲਾ ਸੂਆ ਈ ਐ। ਹਾਂਅ ਜੀ, ਬਿੱਕਰ ਸਿੰਘ ਨੂੰ ਭੇਜਦਾਂ ਜੀ ਤੁਹਾਡੇ ਘਰੇ, ਗਾਂ ਤਾਂ ਤੁਹਾਡੀ ਈ ਐ ਜੀ,ਸਾਡੇ ਸਿਰ 'ਤੇ ਤਾਂ ਭਾਰ ਈ ਐ ਜੀ, ਹੋਰ ਸੇਵਾ ਦੱਸੋ। ਠੀਕ ਐ ਜੀ, ਅੱਛਾ ਜੀ।*[12]

ਗਾਂ ਐਸ. ਐਸ. ਪੀ. ਕੋਲ ਭੇਜ ਦਿੱਤੀ ਜਾਂਦੀ ਹੈ ਗਰੀਬ ਹੌਲਦਾਰ ਦੀਆਂ ਲੱਤਾਂ ਨਾਲ ਚੰਬੜ ਕੇ ਗਿੜਗਿੜਾਉਂਦਾ ਤੇ ਆਖਦਾ ਹੈ ਕਿ ਸਾਹਬ ਜੀ ਗਾਂ ਤੇ ਸਾਡੀ ਐ। ਸਿਪਾਹੀ ਜਿੱਤ ਦੇ ਅਹਿਸਾਸ 'ਚ ਚਿਤਾਰਦਾ ਹੈ :

*ਸਿਪਾਹੀ : ਉਦੋਂ ਤਾਂ ਸਾਲ਼ਿਓ ਬੜੇ ਦਬਕੇ ਮਾਰਦੇ ਸੀ। ਅਖੇ ਐਸ. ਐਸ. ਪੀ ਸਾਹਬ ਕੋਲ਼ੇ ਪੇਸ਼ ਹੋਮਾਂਗੇ ਜਾ ਕੇ। ਹੁਣ ਜਾਓ ਜਾ ਕੇ ਐਸ. ਐਸ. ਪੀ ਤੋਂ ਈ ਲੈ ਲਿਓ ਆਪਦੀ ਗਾਂ...*[13]

ਗਰੀਬ ਦਾਸ ਰੋਂਦਾ ਹੈ ਸਿਪਾਹੀ ਤੇ ਹੌਲਦਾਰ ਉੱਚੀ-ਉੱਚੀ ਹਸਦੇ ਹਨ। ਗਰੀਬ ਦਾਸ ਨਿਰਾਸ਼ਾ 'ਚ ਸਿਸਟਮ 'ਤੇ ਸਵਾਲ ਉਠਾਉਂਦਾ ਦਰਸ਼ਕਾਂ ਨੂੰ ਸੰਬੋਧਿਤ ਹੁੰਦਾ ਹੋਇਆ ਇਸ ਸਿਸਟਮ ਨੂੰ ਬਦਲਣ ਲਈ ਇਕੱਠੇ ਹੋ ਚੁੰਝਾਂ 'ਚ ਆਮ ਬੰਦੇ ਦੀ ਚੈਨ ਨਾਲ ਇੱਕ ਪਲ ਬਿਤਾ ਸਕਣ ਦੀ ਖਾਹਿਸ਼ ਨੂੰ ਲੈ ਕੇ ਉਡਦੇ ਬਾਜਾਂ ਦਾ ਪਿੱਛਾ ਕਰਨ ਲਈ ਤਾਂਘਦਾ ਹੈ। ਇੱਥੇ ਨਾਟਕਕਾਰ ਇਕ ਸਾਹਿਤਕਾਰ ਹੋਣ ਦੇ ਨਾਤੇ ਸਿਆਸੀ ਪ੍ਰਬੰਧ ਵਿਚਲੀ ਗਿਰਾਵਟ ਵੱਲ ਕੇਵਲ ਧਿਆਨ ਹੀ ਨਹੀਂ ਦੁਵਾਉਂਦਾ ਸਗੋਂ ਇਸਦੇ ਵਿਰੁੱਧ ਸੰਘਰਸ਼ ਵਿੱਢਣ ਦਾ ਸੁਨੇਹਾ ਵੀ ਦਿੰਦਾ ਹੈ। ਡਾ. ਭੀਮ ਇੰਦਰ ਸਿੰਘ ਦਾ ਵਿਚਾਰ ਬੇਹਦ ਮੁੱਲਵਾਨ ਹੈ ਕਿ,

*"ਸਾਹਿਤਕਾਰ ਸਮਾਜ ਦਾ ਅਜਿਹਾ ਹਿੱਸਾ ਹੁੰਦਾ ਹੈ ਜੋ ਆਪਣੇ ਕੋਮਲ ਮਨ ਉਪਰ ਉਨ੍ਹਾਂ ਸਾਰੇ ਪ੍ਰਭਾਵਾਂ ਨੂੰ ਮਹਿਸੂਸਦਾ ਹੈ ਜੋ ਉਸ ਦੇਸ਼, ਜਮਾਤ ਜਾਂ ਜਾਤ ਉਪਰ ਪੈ ਰਹੇ ਹੁੰਦੇ ਹਨ। ਉਸ ਦੀ ਆਵਾਜ਼ ਸਮੇਂ ਦੀ ਆਵਾਜ਼ ਬਣਦੀ ਹੈ। ਉਹ ਆਪਣੇ ਇਤਿਹਾਸ, ਮਿਥਿਹਾਸ ਤੇ ਵਰਤਮਾਨ ਨੂੰ ਗਹਿਰਾਈ ਨਾਲ ਜਾਣਨ ਦਾ ਯਤਨ ਕਰਦਾ ਹੈ। ਉਹ ਆਪਣੇ ਸਮੇਂ ਦੇ ਇਨਕਲਾਬੀਆਂ ਨੂੰ ਜਾਣ ਕੇ ਭਵਿੱਖਮੁਖੀ ਸਰੋਕਾਰਾਂ ਨੂੰ ਸਾਹਮਣੇ ਲਿਆਉਂਦਾ ਹੈ। ਇਹੋ ਕਾਰਨ ਹੈ ਕਿ ਉਸ ਕੋਲੋਂ ਸਾਹਿਤਕ ਸੂਝ ਦੇ ਨਾਲ-ਨਾਲ ਸਿਆਸੀ ਤੇ ਸਮਾਜਿਕ ਵਿਚਾਰਧਾਰਾ ਦੀ ਸੂਝ ਦੀ ਮੰਗ ਕੀਤੀ ਜਾਂਦੀ ਹੈ।"*[14]

ਸਮੁੱਚੇ ਤੌਰ 'ਤੇ ਸਵਾਮੀ ਸਰਬਜੀਤ ਸਮਾਜ ਦੀ ਲਿਤਾੜੀ ਜਾ ਰਹੀ ਧਿਰ ਦੀ ਵੇਦਨਾ ਮਹਿਸੂਸ ਕਰਦਾ ਹੈ ਤੇ ਉਸਨੂੰ ਜ਼ੁਬਾਨ ਦਿੰਦਾ ਹੈ। ਨਾਟਕਕਾਰ ਨੇ ਜੋ ਸਵਾਲ ਉਭਾਰਿਆ ਹੈ ਉਹ ਇਹ ਹੈ ਕਿ ਸਿਸਟਮ ਭ੍ਰਸ਼ਟ ਹੈ ਪਰ ਆਪਣੀ ਤੇ ਸਮਾਜ ਦੀ ਮੁਕਤੀ ਲਈ ਇਸ ਦਾ ਵਿਰੋਧ ਕਰਨਾ ਤੇ ਇਸ ਨੂੰ ਬਦਲਣ ਲਈ ਯਤਨਸ਼ੀਲ ਰਹਿਣਾ ਜ਼ਰੂਰੀ ਹੈ। ਆਮ ਬੰਦੇ ਦੀ ਲੁੱਟ ਤੇ ਪਲਦੇ ਇਸ ਸਿਸਟਮ ਨੂੰ ਖੁਰਾਕ ਦੇਣ ਵਾਲਾ ਕੋਈ ਇਕ ਨਹੀਂ ਸਮੁੱਚਾ ਸਿਆਸੀ ਤੰਤਰ ਹੈ। ਉੱਚੇ ਅਹੁਦਿਆਂ ਤੇ ਬੈਠੇ ਲੋਕ ਨਿੱਜੀ ਲੋੜਾਂ ਲਈ ਹੇਠਲਿਆਂ ਨੂੰ ਹੁਕਮ ਕਰਦੇ ਹਨ ਤੇ ਹੇਠਲੇ ਅੱਗੇ ਆਮ ਲੋਕਾਂ 'ਤੇ ਹੁਕਮ ਕਰਕੇ ਉਨ੍ਹਾਂ ਦਾ ਖ਼ੂਨ ਪੀਂਦੇ ਹਨ। ਨਾਟਕ ਦੀ ਪੜ੍ਹਤ ਸਮੇਂ ਮੰਚੀ ਦ੍ਰਿਸ਼ ਜ਼ਿਹਨ 'ਚ ਪ੍ਰਤੱਖ ਹੁੰਦੇ ਹਨ। ਵਿਅੰਗ ਦਾ ਪੱਧਰ ਸਿਆਸੀ ਊਣਤਾਈਆਂ ਦੀ ਡੂੰਘੀ ਥਾਹ ਪਾਉਣ ਪੱਖੋਂ ਬਾ-ਕਮਾਲ ਹੈ। ਕਥਾਨਕ ਵਿੱਚ ਕਿਧਰੇ ਕੋਈ ਖੱਪਾ ਨਜ਼ਰ ਨਹੀਂ ਆਉਂਦਾ। ਥਾਂ-ਥਾਂ ਵਰਤੇ ਅਖਾਣ ਪ੍ਰਮੁੱਖ ਮਸਲੇ ਨੂੰ ਬਾਖ਼ੂਬੀ ਉਭਾਰਦੇ ਹਨ। ਪਾਤਰ ਚਿਤਰਨ 'ਚੋਂ ਨਾਟਕਕਾਰ ਦੀ ਪ੍ਰਤਿਭਾ ਝਲਕਦੀ ਹੈ। ਨਾਟ-ਪੇਸ਼ਕਾਰੀ ਦਰਸ਼ਕਾਂ ਨੂੰ ਸਿਆਸੀ ਤੰਤਰ ਦੀ ਥਾਹ ਪਾਉਣ 'ਚ ਪੂਰੀ ਤਰ੍ਹਾਂ ਸਹਾਈ ਹੁੰਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. *ਸਰਬਜੀਤ ਸਿੰਘ (ਸੰਪਾ.) ਐਂਟੀ ਵਾਇਰਸ, ਲੋਕਤੰਤਰ ਬਨਾਮ ਜਿਸਦੀ ਲਾਠੀ ਉਸਦੀ ਗਾਂ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2016, ਪੰਨਾ: 55*
2. *-ਉਹੀ-*
3. *ਖੋਜ ਪੱਤ੍ਰਿਕਾ, ਨਾਟ-ਸ਼ੈਲੀਆਂ ਵਿਸ਼ੇਸ਼ ਅੰਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਾਰਚ 1997, ਪੰਨਾ: 105*
4. *ਡਾ. ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟਕ : ਪ੍ਰਗਤੀ ਤੇ ਪਾਸਾਰ,*

ਕ੍ਰਿਤੀ ਪ੍ਰਕਾਸ਼ਨ ,ਦਿੱਲੀ ,ਮਈ 2003, ਪੰਨਾ: 89

5. ਸਰਬਜੀਤ ਸਿੰਘ (ਸੰਪਾ.) ਐਂਟੀ ਵਾਇਰਸ, ਲੋਕਤੰਤਰ ਬਨਾਮ ਜਿਸਦੀ ਲਾਠੀ ਉਸਦੀ ਗਾਂ, ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2016, ਪੰਨਾ: 56
6. -ਉਹੀ-, ਪੰਨਾ: 58
7. -ਉਹੀ-, ਪੰਨਾ: 61
8. -ਉਹੀ-
9. -ਉਹੀ-, ਪੰਨਾ: 64
10. -ਉਹੀ-
11. -ਉਹੀ-, ਪੰਨਾ: 67
12. -ਉਹੀ-, ਪੰਨਾ: 70
13. -ਉਹੀ-
14. ਡਾ. ਭੀਮ ਇੰਦਰ ਸਿੰਘ, ਸਮਕਾਲੀ ਸਰੋਕਾਰ ਅਤੇ ਸਾਹਿਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013, ਪੰਨੇ: 129-130